# ਦਫ਼ਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ ਅਤੇ
# ਸਟੇਟ ਪ੍ਰੋਜੈਕਟ ਡਾਇਰੈਕਟਰ, ਸਰਵ ਸਿੱਖਿਆ ਅਭਿਆਨ ਅਥਾਰਟੀ, ਪੰਜਾਬ

**ਐਸ.ਸੀ ਓ ਨੰ:- 104-106, ਦੂਸਰੀ ਮੰਜ਼ਿਲ, ਸੈਕਟਰ 34-ਏ, ਚੰਡੀਗੜ ਫ਼ੋਨ ਨੰ: 0172- 5015864, 5015865**

**ਫੈਕਸ:0172-2624687**


ਵੱਲ

1. ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿੱ ਅਤੇ ਐ.ਸਿੱ), ਪੰਜਾਬ
2. ਸਮੂਹ ਪ੍ਰਿੰਸੀਪਲ, ਸਰਕਾਰੀ ਇਨ ਸਰਵਿਸ ਟ੍ਰੇਨਿੰਗ ਸੈਂਟਰ, ਪੰਜਾਬ
3. ਸਮੂਹ ਪ੍ਰਿੰਸੀਪਲ, ਜ਼ਿਲ੍ਹਾ ਸਿੱਖਿਆ ਤੇ ਸਿਖਲਾਈ ਸੰਸਥਾਵਾਂ, ਪੰਜਾਬ

(ਨੋਟਿਸ ਬੋਰਡ ਰਾਹੀਂ)

ਮੀਮੋ ਨੰ. 50/ਸ.ਸ.ਅ/ਟੀ.ਟੀ/83654-83657 ਮਿਤੀ: ਚੰਡੀਗੜ੍ਹ 14.08.2012

**ਵਿਸ਼ਾ: ਅਕਾਦਮਿਕ ਸੈਸ਼ਨ 2012-13 ਸ.ਸ.ਅ ਤਹਿਤ ਬਲਾਕ ਪੱਧਰ ਦੀ ਟ੍ਰੇਨਿੰਗ ਸਬੰਧੀ।**

1.0 ਉਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ ਜੀ।

2.0 PAB ਵਿੱਚੋਂ ਮੰਜ਼ੂਰ ਹੋਏ ਅਨੁਸਾਰ ਸਰਵ ਸਿੱਖਿਆ ਅਭਿਆਨ ਤਹਿਤ ਅਕਾਦਮਿਕ ਸੈਸ਼ਨ 2012-13 ਦੌਰਾਨ ਸਰਕਾਰੀ ਅਤੇ ਸਰਕਾਰੀ ਸਹਾਇਤਾ ਪ੍ਰਾਪਤ ਸਕੂਲਾਂ ਦੇ ਸਮੂਹ ਪ੍ਰਾਇਮਰੀ ਅਤੇ ਅੱਪਰ-ਪ੍ਰਾਇਮਰੀ ਅਧਿਆਪਕਾਂ ਨੂੰ ਬਲਾਕ ਪੱਧਰ ਤੇ ਪੰਜ ਰੋਜ਼ਾ ਟ੍ਰੇਨਿੰਗ ਕਰਵਾਈ ਜਾਣੀ ਹੈ। ਇਸ ਸਬੰਧੀ ਪਹਿਲੇ ਪੜਾਅ ਵਿੱਚ ਤਿੰਨ ਰੋਜ਼ਾ ਟ੍ਰੇਨਿੰਗ ਹੇਠ ਦਿੱਤੇ ਸ਼ਡਿਊਲ/ਫ਼ੇਜ਼ਾਂ ਅਨੁਸਾਰ ਕਰਵਾਈ ਜਾਵੇਗੀ:

| ਲੜੀ ਨੰ. | ਫ਼ੇਜ਼ | ਮਿਤੀਆਂ (ਟ੍ਰੇਨਿੰਗ ਦੇ ਕੁੱਲ ਦਿਨ=03) | ਵਿਸ਼ਾ (ਅੱਪਰ-ਪ੍ਰਾਇਮਰੀ ਅਧਿਆਪਕਾਂ ਲਈ) | ਪ੍ਰਾਇਮਰੀ ਅਧਿਆਪਕ | ਵਿਸ਼ੇਸ਼ ਕਥਨ |
|---|---|---|---|---|---|
| 1 | ਪਹਿਲਾ | 23.08.2012 ਤੋਂ 25.08.2012 ਤੱਕ | ਸਾਇੰਸ ਅਤੇ ਮੈਥ ਅਧਿਆਪਕਾਂ ਲਈ | ਬਲਾਕ ਪੱਧਰ ਤੇ ਅਧਿਆਪਕਾਂ ਦੀ ਗਿਣਤੀ ਅਨੁਸਾਰ ਅਧਿਆਪਕਾਂ ਲਈ ਟ੍ਰੇਨਿੰਗ ਸ਼ਡਿਊਲ ਬਣਾਇਆ ਜਾਵੇ ਤਾਂ ਜੋ ਕੋਈ ਵੀ ਸਕੂਲ ਅਧਿਆਪਕ ਤੋਂ ਸੱਖਣਾ ਨਾ ਹੋਵੇ। | ਸਬੰਧਤ GISTCs / DIETs ਵਲੋਂ ਤਿਆਰ ਕੀਤੇ ਗਏ ਪਲਾਨ ਅਨੁਸਾਰ |
| 2 | ਦੂਜਾ | 27.08.2012 ਤੋਂ 29.08.2012 ਤੱਕ | | | |
| 3 | ਤੀਸਰਾ | 30-31 ਅਗਸਤ, 03 ਸਤੰਬਰ 2012 ਤੱਕ (ਕੁੱਲ ਤਿੰਨ ਦਿਨ) | ਸਮਾਜਿਕ ਸਿੱਖਿਆ, ਹਿੰਦੀ, ਪੰਜਾਬੀ ਅਤੇ ਹੋਰ ਵਿਸ਼ਾ ਅਧਿਆਪਕਾਂ ਲਈ | | |
| 4 | ਚੌਥਾ | 04.09.2012 ਤੋਂ 06.09.2012 ਤੱਕ | | | |
| 5 | ਪੰਜਵਾਂ | 07.09.2012 ਤੋਂ 08.09.2012 ਅਤੇ 10.09.2012 ਤੱਕ | | | |
| 6 | ਛੇਵਾਂ | 11.09.2012 ਤੋਂ 13.09.2012 ਤੱਕ | | | |

**ਨੋਟ:** ਅੱਪਰ-ਪ੍ਰਾਇਮਰੀ ਅਧਿਆਪਕਾਂ ਦੀ ਟ੍ਰੇਨਿੰਗ ਸਮੇਂ ਇੱਕ ਸਕੂਲ ਤੋਂ ਸਬੰਧਤ ਵਿਸ਼ੇ ਦੇ 50% ਤੋਂ ਵੱਧ ਅਧਿਆਪਕ ਟ੍ਰੇਨਿੰਗ ਵਿੱਚ ਨਾ ਬੁਲਾਏ ਜਾਣ। ਇਸੇ ਤਰ੍ਹਾਂ ਪ੍ਰਾਇਮਰੀ ਅਧਿਆਪਕਾਂ ਦੀ ਟ੍ਰੇਨਿੰਗ ਦੌਰਾਨ ਵੀ 50% ਤੋਂ ਵੱਧ ਅਧਿਆਪਕ ਇੱਕ ਹੀ ਸਕੂਲ ਤੋਂ ਨਾ ਬੁਲਾਏ ਜਾਣ।

3.0 ਇਸ ਤਿੰਨ ਰੋਜ਼ਾ ਟ੍ਰੇਨਿੰਗ ਦੌਰਾਨ ਮੁੱਖ ਤੌਰ ਤੇ ਇੱਕ ਦਿਨ ਆਰ.ਟੀ.ਈ ਐਕਟ 2009 ਅਤੇ ਇੱਕ ਦਿਨ ਸੀ.ਸੀ.ਈ (ਲਗਾਤਾਰ ਅਤੇ ਵਿਆਪਕ ਮੁਲਾਂਕਣ) ਬਾਰੇ ਅਧਿਆਪਕਾਂ ਨੂੰ ਜਾਣੂ ਕਰਵਾਇਆ ਜਾਵੇਗਾ। ਇਸ ਤੋਂ ਇਲਾਵਾ ਇੱਕ ਦਿਨ ਦੀ ਟ੍ਰੇਨਿੰਗ ਇਨਕਲੂਸਿਵ

ਐਜੂਕੇਸ਼ਨ (ਆਈ.ਈ.ਡੀ) ਅਤੇ ਜਨਰਲ ਵਿਸ਼ੇ ਜਿਵੇਂ ਕਿ ਅਰੋਗਤਾ ਪ੍ਰਬੰਧ, ਵਾਤਾਵਰਣ ਆਦਿ ਤੇ ਹੋਵੇਗੀ। **(ਸਮਾਂ ਸਾਰਣੀ ਅਨੁਲੱਗ ੳ 'ਤੇ)**

4.0 ਜ਼ਿਲ੍ਹਾ ਵਾਈਜ਼ ਸਬੰਧਤ GISTCs/DIETs ਵਲੋਂ ਮਿਤੀ: 08.08.2012 ਨੂੰ ਮੁੱਖ ਦਫ਼ਤਰ ਵਲੋਂ ਟ੍ਰੇਨਿੰਗ ਪ੍ਰਾਪਤ ਕਰਨ ਵਾਲੇ ਰਿਸੋਰਸ ਪਰਸਨਾਂ ਵਲੋਂ ਸਬੰਧਤ ਜ਼ਿਲ੍ਹੇ ਵਿੱਚ ਲੋੜੀਂਦੀ ਗਿਣਤੀ ਅਨੁਸਾਰ ਬਲਾਕ ਪੱਧਰ ਤੇ ਟ੍ਰੇਨਿੰਗ ਦਿੱਤੇ ਜਾਣ ਲਈ (ਪ੍ਰਤੀ ਬਲਾਕ ਤਿੰਨ ਰਿਸੋਰਸ ਪਰਸਨਜ਼) ਨੂੰ ਟ੍ਰੇਨਿੰਗ ਸਬੰਧਤ GISTCs/DIETs ਵਲੋਂ ਕਰਵਾਈ ਜਾਵੇਗੀ।

5.0 ਇਸ ਟ੍ਰੇਨਿੰਗ ਤੇ ਅਤੇ ਟ੍ਰੇਨਿੰਗ ਨਾਲ ਸਬੰਧਤ ਜ਼ਿਲ੍ਹਾ ਪੱਧਰ ਤੇ ਹੋਣ ਵਾਲੀਆਂ ਮੀਟਿੰਗਾਂ ਤੇ ਹੋਣ ਵਾਲਾ ਖਰਚ ਇਸ ਦਫ਼ਤਰ ਦੇ ਮੀਮੋ ਨੰ. 50 / ਸ.ਸ.ਅ / ਪੈਡਾਗੋਜ਼ੀ / 77758-77761, ਮਿਤੀ: ਚੰਡੀਗੜ੍ਹ 12.04.2012 ਰਾਹੀਂ ਪਹਿਲਾਂ ਜਾਰੀ ਹੋਈਆਂ ਹਦਾਇਤਾਂ ਅਨੁਸਾਰ ਸ.ਸ.ਅ ਤਹਿਤ ਟੀਚਰ ਟ੍ਰੇਨਿੰਗ ਫ਼ੰਡ ਵਿੱਚੋਂ ਕੀਤਾ ਜਾਵੇਗਾ।

6.0 ਟ੍ਰੇਨਿੰਗ ਦੀ ਮੋਨੀਟਰਿੰਗ ਡਾਇਰੈਕਟਰ ਐੱਸ.ਸੀ.ਈ.ਆਰ.ਟੀ, ਮੁੱਖ ਦਫ਼ਤਰ ਦੇ ਅਧਿਕਾਰੀਆਂ, ਸਬੰਧਤ ਮੰਡਲ ਸਿੱਖਿਆ ਅਫ਼ਸਰ/ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿੱ/ਐ.ਸਿੱ), ਪ੍ਰਿੰਸੀਪਲ, ਸਰਕਾਰੀ ਇਨ ਸਰਵਿਸ ਟ੍ਰੇਨਿੰਗ ਸੈਂਟਰ ਅਤੇ ਸਮੂਹ ਪ੍ਰਿੰਸੀਪਲ, ਜ਼ਿਲ੍ਹਾ ਸਿੱਖਿਆ ਤੇ ਸਿਖਲਾਈ ਸੰਸਥਾਵਾਂ, ਪੰਜਾਬ ਅਤੇ GISTCs/DIETs ਵਲੋਂ ਇਸ ਕਾਰਜ ਲਈ ਨਿਯੁਕਤ ਕੀਤੇ ਜਾਣ ਵਾਲੇ ਸਬੰਧਤ ਸੰਸਥਾ ਦੇ ਫ਼ੈਕਲਟੀ ਮੈਂਬਰਾਂ ਦੁਆਰਾ ਕੀਤੀ ਜਾਵੇਗੀ।

7.0 ਸਬੰਧਤ ਜ਼ਿਲ੍ਹੇ ਵਿੱਚ ਅੱਪਰ-ਪ੍ਰਾਇਮਰੀ ਅਧਿਆਪਕਾਂ ਦੀ ਟ੍ਰੇਨਿੰਗ ਦੀ ਜ਼ਿੰਮੇਵਾਰੀ ਸਬੰਧਤ GISTCs ਅਤੇ ਪ੍ਰਾਇਮਰੀ ਅਧਿਆਪਕਾਂ ਦੀ ਟ੍ਰੇਨਿੰਗ ਦੀ ਜ਼ਿੰਮੇਵਾਰੀ ਸਬੰਧਤ ਡਾਇਟ ਦੀ ਹੋਵੇਗੀ। ਕਿਸੇ ਜ਼ਿਲ੍ਹੇ ਵਿੱਚ GISTCs ਨਾ ਹੋਣ ਦੀ ਸੂਰਤ ਵਿੱਚ ਸਬੰਧਤ ਡਾਇਟ ਵਲੋਂ ਹੀ ਪ੍ਰਇਮਰੀ ਅਤੇਂ ਅੱਪਰ-ਪ੍ਰਾਇਮਰੀ ਅਧਿਆਪਕਾਂ ਦੀ ਟ੍ਰੇਨਿੰਗ ਦਾ ਪ੍ਰਬੰਧ ਕੀਤਾ ਜਾਵੇਗਾ।

**ਨੋਟ:** ਜ਼ਿਲ੍ਹਾ ਬਰਨਾਲਾ ਦੀ ਟ੍ਰੇਨਿੰਗ ਦਾ ਪ੍ਰਬੰਧ ਜ਼ਿਲ੍ਹਾ ਸੰਗਰੂਰ, ਜ਼ਿਲ੍ਹਾ ਤਰਨਤਾਰਨ ਦੀ ਟ੍ਰੇਨਿੰਗ ਦਾ ਪ੍ਰਬੰਧ ਜ਼ਿਲ੍ਹਾ ਅੰਮ੍ਰਿਤਸਰ, ਜ਼ਿਲ੍ਹਾ ਮੋਹਾਲੀ ਦੀ ਟ੍ਰੇਨਿੰਗ ਦਾ ਪ੍ਰਬੰਧ ਜ਼ਿਲ੍ਹਾ ਰੂਪਨਗਰ, ਜ਼ਿਲ੍ਹਾ ਫ਼ਾਜ਼ਿਲਕਾ ਦੀ ਟ੍ਰੇਨਿੰਗ ਦਾ ਪ੍ਰਬੰਧ ਜ਼ਿਲ੍ਹਾ ਫ਼ਿਰੋਜ਼ਪੁਰ ਅਤੇ ਜ਼ਿਲ੍ਹਾ ਪਠਾਨਕੋਟ ਦੀ ਟ੍ਰੇਨਿੰਗ ਦਾ ਪ੍ਰਬੰਧ ਜ਼ਿਲ੍ਹਾ ਗੁਰਦਾਸਪੁਰ ਦੀਆਂ ਸਬੰਧਤ GISTCs/DIETs ਵਲੋਂ ਕੀਤਾ ਜਾਵੇਗਾ।

8.0 ਸਬੰਧਤ ਪ੍ਰਿੰਸੀਪਲ GISTCs/DIETs ਵਲੋਂ ਸ.ਸ.ਅ ਤਹਿਤ ਸਾਰੇ ਟੀਚਰ ਟ੍ਰੇਨਿੰਗ ਪ੍ਰੋਗਰਾਮ ਦਾ ਵਿੱਤੀ ਅਤੇ ਭੌਤਿਕ ਪ੍ਰਗਤੀ ਦਾ ਮੱਦ ਵਾਈਜ਼ ਮੁਕੰਮਲ ਰਿਕਾਰਡ ਰੱਖਿਆ ਜਾਵੇਗਾ।

**ਸਕੱਤਰ ਕਮ ਡਾਇਰੈਕਟਰ ਜਨਰਲ ਸਕੂਲ ਸਿੱਖਿਆ ਕਮ**
**ਸਟੇਟ ਪ੍ਰੋਜੈਕਟ ਡਾਇਰੈਕਟਰ**
**ਸਰਵ ਸਿੱਖਿਆ ਅਭਿਆਨ ਅਥਾਰਟੀ**
**ਪੰਜਾਬ, ਚੰਡੀਗੜ੍ਹ**

**ਪਿੱਠ ਅੰਕਣ ਨੰ. 50/ਸ.ਸ.ਅ/ਟੀ.ਟੀ./ 83658-83659 ਮਿਤੀ: 14.08.2012**

**ਉਤਾਰਾ: ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:**

1. ਡਾਇਰੈਕਟਰ, ਐੱਸ.ਸੀ.ਈ.ਆਰ.ਟੀ, ਪੰਜਾਬ
2. ਸਮੂਹ ਮੰਡਲ ਸਿੱਖਿਆ ਅਫ਼ਸਰ, ਪੰਜਾਬ
3. ਡੀ.ਐੱਮ., ਐੱਮ.ਆਈ.ਐੱਸ (ਵੈੱਬ ਸਾਈਟ ਤੇ ਪਾਉਣ ਹਿਤ)

**ਸਕੱਤਰ ਕਮ ਡਾਇਰੈਕਟਰ ਜਨਰਲ ਸਕੂਲ ਸਿੱਖਿਆ ਕਮ**
**ਸਟੇਟ ਪ੍ਰੋਜੈਕਟ ਡਾਇਰੈਕਟਰ**
**ਸਰਵ ਸਿੱਖਿਆ ਅਭਿਆਨ ਅਥਾਰਟੀ**
**ਪੰਜਾਬ, ਚੰਡੀਗੜ੍ਹ**

# ਅਨੁਲੱਗ (ੳ)

## ਸਸਅ ਤਹਿਤ ਅਗਸਤ-ਸਤੰਬਰ 2012 ਦੌਰਾਨ ਟੀਚਰ ਟਰੇਨਿੰਗ ਲਈ ਸਮਾਂ-ਸਾਰਣੀ

| ਦਿਨ | 8:a.m.-9.00 a.m. | 9 a.m.-10 a.m. | 10:00 a.m.- 10.20 a.m. | 10.20 a.m.- 11.15 a.m. | 11.15 a.m 12.15 p.m. | 12.15 p.m - 1.00 p.m | 1.00 p.m -2.00 p.m |
|---|---|---|---|---|---|---|---|
| | 1 | 2 | | 3 | 4 | | 5 |
| 1 | ਰਜਿਸਟਰੇਸ਼ਨ ਅਤੇ ਸਵੇਰ ਦੀ ਸਭਾ | ਆਰ.ਟੀ.ਈ. ਐਕਟ -2009 ਬਾਰੇ ਜਾਣਕਾਰੀ ਅਤੇ ਮੁੱਖ ਵਿਸ਼ੇਸ਼ਤਾਵਾਂ | ਚਾਹ ਦਾ ਸਮਾਂ | ਆਰ.ਟੀ.ਈ. 2009 ਬਾਰੇ ਪੁੱਛੇ ਜਾਣ ਵਾਲੇ ਪ੍ਰਸ਼ਨ | ੳ) ਬੱਚਿਆਂ ਦੇ ਅਧਿਕਾਰਾਂ ਦੀ ਹਿਫਾਜ਼ਤ।<br>ਅ) ਕਮਜ਼ੋਰ ਅਤੇ ਸੁਵਿਧਾ-ਰਹਿਤ ਗਰੁੱਪ ਦੇ ਬੱਚਿਆਂ ਦਾ ਰਾਖਵਾਂਕਰਣ<br>ੲ) ਰਾਜ ਸਰਕਾਰ ਅਤੇ ਸਥਾਨਕ ਅਥਾਰਿਟੀ ਦੀਆਂ ਜ਼ਿੰਮੇਵਾਰੀਆਂ | ਦੁਪਹਿਰ ਦੇ ਖਾਣੇ ਦਾ ਸਮਾਂ | ਸਕੂਲ ਮੈਨੇਜਮੈਂਟ ਕਮੇਟੀਆਂ ਦਾ ਗਠਨ ਅਤੇ ਆਰ.ਟੀ.ਈ. 2009 ਬਾਰੇ ਵਿਚਾਰ-ਵਟਾਂਦਰਾ |
| 2 | ਸਵੇਰ ਦੀ ਸਭਾ ਅਤੇ ਘੱਟ ਤੋਂ ਘੱਟ ਤਿੰਨ ਅਧਿਆਪਕਾਂ ਵੱਲੋਂ ਅੱਜ ਦਾ ਵਿਚਾਰ ਅਤੇ ਇਸ ਉਤੇ ਵਿਚਾਰ-ਵਟਾਂਦਰਾ | ਸੀ.ਸੀ.ਈ. (ਭਾਵ ਅਤੇ ਉਦੇਸ਼) | | ਸੀ.ਸੀ. ਈ. ਵਿਚ ਅਧਿਆਪਕ ਦੀ ਭੂਮਿਕਾ | ਸੀ.ਸੀ.ਈ. ਦੇ ਮੁਲਾਂਕਣ ਲਈ ਵਰਤੇ ਜਾਣ ਵਾਲੇ ਟੂਲਜ਼/ਤਕਨੀਕ | | ਸੀ.ਸੀ.ਈ. ਪ੍ਰੋਫਾਰਮੇ ਅਤੇ ਪ੍ਰਗਤੀ ਕਾਰਡ ਭਰਨ ਦੇ ਟੂਲਜ਼/ਤਕਨੀਕ |
| 3 | ਸਵੇਰ ਦੀ ਸਭਾ ਅਤੇ ਘੱਟ ਤੋਂ ਘੱਟ ਤਿੰਨ ਅਧਿਆਪਕਾਂ ਵੱਲੋਂ ਅੱਜ ਦਾ ਵਿਚਾਰ ਅਤੇ ਇਸ ਉਤੇ ਵਿਚਾਰ-ਵਟਾਂਦਰਾ | ਆਈ.ਈ.ਡੀ. ਸਬੰਧੀ | | ਆਈ.ਈ.ਡੀ. ਸਬੰਧੀ | ਅਰੋਗਤਾ ਪ੍ਰਬੰਧ ਅਤੇ ਵਾਤਾਵਰਣ ਸੰਭਾਲ | | ਸਿੱਖਿਆ ਵਿਗਿਆਨ ਅਤੇ ਅਮਨ |

ਨੋਟ : 1. ਅਧਿਆਪਕਾਂ ਨੂੰ ਟਰੇਨਿੰਗ ਦੌਰਾਨ ਸੰਵਾਦ ( ਜੋ ਕਿ ਆਰ.ਟੀ.ਈ., ਅਰੋਗਤਾ ਪ੍ਰਬੰਧ ਅਤੇ ਸਿੱਖਿਆ ਵਿਗਿਆਨ ਤੇ ਅਮਨ ਵਿਸ਼ਿਆਂ ਨਾਲ ਸਬੰਧਤ ਹੈ) ਅਤੇ ਸੰਮਲਿਤ ਸਿੱਖਿਆ (Inclusive Education) ਦੇ ਟੀਚਰ-ਟਰੇਨਿੰਗ ਮਡਿਊਲ ਮੁਹੱਈਆ ਕਰਵਾਏ ਜਾਣ।

2. ਸੀ.ਸੀ.ਈ ਦੀ ਪੜ੍ਹਨ ਸਮੱਗਰੀ ਜੀ.ਆਈ. ਐਸ.ਟੀ. ਅਤੇ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿੱ/ਐ.ਸਿੱ) ਨੂੰ ਨੋਟਿਸ ਬੋਰਡ ਰਾਹੀਂ ਸਮੇਂ ਸਿਰ ਭੇਜ ਦਿੱਤੀ ਜਾਵੇਗੀ।

3. ਫੀਲਡ ਵਿੱਚ ਅਧਿਆਪਕਾਂ ਨੂੰ ਟਰੇਨਿੰਗ ਨਿਸ਼ਚਿਤ ਸ਼ਡਿਊਲ ਅਨੁਸਾਰ ਸ਼ੁਰੂ ਕਰਵਾਏ ਜਾਣ ਤੋਂ ਪਹਿਲਾਂ ਮੁੱਖ ਦਫ਼ਤਰ ਵੱਲੋਂ ਮਿਤੀ 08.08.2012 ਨੂੰ ਜ਼ਿਲ੍ਹਾ-ਵਾਇਜ਼ ਟਰੇਨਿੰਗ ਪ੍ਰਾਪਤ ਕਰਨ ਵਾਲੇ ਰਿਸੋਰਸ ਪਰਸਨਾਂ ਦੁਆਰਾ ਸਬੰਧਤ ਜ਼ਿਲ੍ਹੇ ਵਿੱਚ ਟਰੇਨੀ ਅਧਿਆਪਕਾਂ ਦੀ ਗਿਣਤੀ ਅਨੁਸਾਰ ਲੋੜੀਂਦੇ ਰਿਸੋਰਸ ਪਰਸਨਜ਼ ਨੂੰ ਜ਼ਿਲ੍ਹਾ ਪੱਧਰ 'ਤੇ ਸਬੰਧਤ ਜੀ.ਆਈ.ਐਸ.ਟੀ.ਸੀ./ਡਾਇਟਸ ਵੱਲੋਂ ਆਪਣੇ ਪੱਧਰ 'ਤੇ ਟਰੇਨਿੰਗ ਕਰਵਾ ਲਈ ਜਾਵੇ।